Australian Government
Department of Health, Disability and Ageing



# ਬਜ਼ੁਰਗ ਦੇਖਭਾਲ ਕਾਨੂੰਨ 2024 ਬਾਰੇ

# About the Aged Care Act 2024

ਇਹ ਨਵਾਂ Aged Care Act, 1 ਨਵੰਬਰ 2025 ਤੋਂ ਲਾਗੂ ਹੋਵੇਗਾ। ਇਹ ਮੁੱਖ ਕਾਨੂੰਨ ਹੋਵੇਗਾ ਜੋ ਇਹ ਨਿਰਧਾਰਤ ਕਰੇਗਾ ਕਿ ਬਿਰਧ ਦੇਖਭਾਲ ਪ੍ਰਣਾਲੀ ਕਿਵੇਂ ਚੱਲੇਗੀ। ਇਹ ਤੱਥ-ਸ਼ੀਟ ਇਸ ਕਾਨੂੰਨ ਦੇ ਹਰ ਚੈਪਟਰ ਦਾ ਸਾਰ ਦਿੰਦੀ ਹੈ ਅਤੇ ਦੱਸਦੀ ਹੈ ਕਿ ਆਸਟ੍ਰੇਲੀਆਈ ਸਰਕਾਰ ਹੁਣ ਅਤੇ ਭਵਿੱਖ ਵਿੱਚ ਇਨ੍ਹਾਂ ਤਬਦੀਲੀਆਂ ਦਾ ਸਮਰਥਨ ਕਰਨ ਲਈ ਕੀ ਕਰ ਰਹੀ ਹੈ।

## ਨਵੇਂ ਕਾਨੂੰਨ ਦਾ ਪਿਛੋਕੜ

Royal Commission into Aged Care Quality and Safety (Royal Commission) [ਬਿਰਧ ਦੇਖਭਾਲ ਸਹੂਲਤਾਂ ਵਿੱਚ ਗੁਣਵੱਤਾ ਅਤੇ ਸੁਰੱਖਿਆ ਲਈ ਰੌਇਲ ਕਮਿਸ਼ਨ] ਨੇ ਆਪਣੀ ਆਖਰੀ ਰਿਪੋਰਟ ਮਾਰਚ 2021 ਵਿੱਚ ਜਾਰੀ ਕੀਤੀ ਸੀ। ਇਸ ਵਿੱਚ ਬਿਰਧ ਦੇਖਭਾਲ ਪ੍ਰਣਾਲੀ ਨੂੰ ਬਿਹਤਰ ਬਣਾਉਣ ਦੇ ਤਰੀਕੇ ਦੱਸੇ ਗਏ ਹਨ। ਆਸਟ੍ਰੇਲੀਆਈ ਸਰਕਾਰ ਲਈ Royal Commission ਦੀ ਸਭ ਤੋਂ ਮੁੱਖ ਸਿਫਾਰਸ਼ ਇਹ ਸੀ ਕਿ ਉਹ ਅਧਿਕਾਰ-ਅਧਾਰਿਤ ਨਵਾਂ Aged Care Act ਤਿਆਰ ਕਰੇ।

ਅਸੀਂ ਹਰ ਕਿਸੇ ਤੋਂ ਬਿਰਧ ਦੇਖਭਾਲ ਕਾਨੂੰਨ ਵਿੱਚ ਆ ਰਹੀਆਂ ਤਬਦੀਲੀਆਂ ਬਾਰੇ ਉਨ੍ਹਾਂ ਦੀ ਫੀਡਬੈਕ ਲਈ ਸੀ ਅਤੇ ਸਤੰਬਰ 2024 ਵਿੱਚ Aged Care Bill 2024 [ਬਿਰਧ ਦੇਖਭਾਲ ਬਿੱਲ 2024] ਪੇਸ਼ ਕੀਤਾ। ਇਹ ਬਿੱਲ ਨਵੰਬਰ 2024 ਵਿੱਚ

ਆਸਟ੍ਰੇਲੀਆਈ ਸੰਸਦ ਵੱਲੋਂ ਪਾਸ ਕਰ ਦਿੱਤਾ ਗਿਆ ਸੀ, ਅਤੇ 2 ਦਸੰਬਰ 2024 ਨੂੰ ਇੱਕ ਨਵੇਂ ਕਾਨੂੰਨ ਵਜੋਂ ਮੰਨਜ਼ੂਰ ਕੀਤਾ ਗਿਆ ਸੀ। ਇਹ ਨਵਾਂ Aged Care Act, 1 ਨਵੰਬਰ 2025 ਤੋਂ ਲਾਗੂ ਹੋਵੇਗਾ।

ਸੰਸਦ ਨੇ ਬਿਰਧ ਦੇਖਭਾਲ (ਨਤੀਜਾਤਮਕ ਅਤੇ ਪਰਿਵਰਤਨਸ਼ੀਲ ਪ੍ਰਬੰਧ) ਬਿੱਲ 2024 ਨੂੰ ਵੀ ਨਵੰਬਰ 2024 ਵਿੱਚ ਪਾਸ ਕੀਤਾ ਸੀ। ਇਹ ਕਾਨੂੰਨ ਨਵੇਂ Aged Care Act ਵੱਲ ਬਦਲਣ ਦੀ ਪ੍ਰਕਿਰਿਆ ਵਿੱਚ ਸਹਿਯੋਗ ਦੇਣ ਲਈ ਬਣਾਇਆ ਗਿਆ ਸੀ।

## ਇਸ ਨਵੇਂ ਕਾਨੂੰਨ ਦੀ ਸੰਖੇਪ ਜਾਣਕਾਰੀ

ਇਹ ਨਵਾਂ ਕਾਨੂੰਨ ਰੌਇਲ ਕਮਿਸ਼ਨ ਦੀਆਂ 58 ਸਿਫਾਰਸ਼ਾਂ 'ਤੇ ਕਾਰਵਾਈ ਕਰਦਾ ਹੈ। ਇਹ ਹੇਠ ਲਿਖਿਆਂ ਬਾਰੇ ਵੀ ਕਾਨੂੰਨ ਬਣਾਉਂਦਾ ਹੈ:

- ਬਜ਼ੁਰਗ ਲੋਕਾਂ ਲਈ Statement of Rights [ਅਧਿਕਾਰਾਂ ਦਾ ਘੋਸ਼ਣਾ-ਪੱਤਰ],
- ਕੌਣ ਬਿਰਧ ਦੇਖਭਾਲ ਸੇਵਾਵਾਂ ਲੈ ਸਕਦਾ ਹੈ,
- ਇਸ ਨਵੇਂ ਕਾਨੂੰਨ ਦੇ ਤਹਿਤ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਬਿਰਧ ਦੇਖਭਾਲ ਸੇਵਾਵਾਂ ਲਈ ਫੰਡਿੰਗ, ਜਿਸ ਵਿੱਚ ਸਰਕਾਰ ਕੀ ਭੁਗਤਾਨ ਕਰੇਗੀ ਅਤੇ ਬਜ਼ੁਰਗ ਵਿਅਕਤੀ ਨੂੰ ਕੀ ਭੁਗਤਾਨ ਕਰਨ ਲਈ ਕਿਹਾ ਜਾ ਸਕਦਾ ਹੈ,
- Support at Home [ਘਰ ਵਿੱਚ ਸਹਾਇਤਾ] ਪ੍ਰੋਗਰਾਮ,
- Aged Care Quality Standards [ਬਿਰਧ ਦੇਖਭਾਲ ਸਹੂਲਤਾਂ ਦੇ ਗੁਣਵੱਤਾ ਮਿਆਰਾਂ] ਨੂੰ ਹੋਰ ਮਜ਼ਬੂਤ ਬਣਾਉਣਾ – ਇਹ ਦੱਸਦੇ ਹਨ ਕਿ ਗੁਣਵੱਤਾ ਅਤੇ ਸੁਰੱਖਿਅਤ ਬਿਰਧ ਦੇਖਭਾਲ ਸੇਵਾਵਾਂ ਕਿਹੋ ਜਿਹੀਆਂ ਹੋਣੀਆਂ ਚਾਹੀਦੀਆਂ ਹਨ,
- ਨਿਗਰਾਨ ਏਜੰਸੀ Aged Care Quality and Safety Commission [ਬਜ਼ੁਰਗ ਦੇਖਭਾਲ ਗੁਣਵੱਤਾ ਅਤੇ ਸੁਰੱਖਿਆ ਕਮਿਸ਼ਨ] ਨੂੰ ਹੋਰ ਮਜ਼ਬੂਤ ਅਧਿਕਾਰ ਦਿੱਤੇ ਜਾਣਾ।

ਇਸ ਨਵੇਂ ਕਾਨੂੰਨ ਦਾ ਉਦੇਸ਼ ਆਸਟ੍ਰੇਲੀਆ ਦੀ ਬਿਰਧ ਦੇਖਭਾਲ ਪ੍ਰਣਾਲੀ ਨੂੰ ਹੋਰ ਮਜ਼ਬੂਤ ਬਣਾਉਣਾ ਹੈ। ਇਹ ਹਰ ਉਸ ਵਿਅਕਤੀ ਨੂੰ ਪ੍ਰਭਾਵਿਤ ਕਰੇਗਾ ਜੋ ਬਿਰਧ ਦੇਖਭਾਲ ਪ੍ਰਣਾਲੀ ਦਾ ਹਿੱਸਾ ਹੈ। ਇਹ ਕਾਨੂੰਨ:

- ਇਸ ਗੱਲ ਵਿੱਚ ਤਬਦੀਲੀ ਲਿਆਵੇਗਾ ਕਿ ਬਜ਼ੁਰਗ ਦੇਖਭਾਲ ਪ੍ਰਦਾਤਾ ਬਿਰਧ ਲੋਕਾਂ ਨੂੰ ਉਨ੍ਹਾਂ ਦੇ ਘਰਾਂ, ਕਮਿਊਨਿਟੀ ਸੈਟਿੰਗਾਂ ਅਤੇ ਰਿਹਾਇਸ਼ੀ ਦੇਖਭਾਲ ਘਰਾਂ ਵਿੱਚ ਕਿਵੇਂ ਸੇਵਾਵਾਂ ਪ੍ਰਦਾਨ ਕਰਦੇ ਹਨ
- ਇਹ ਯਕੀਨੀ ਬਣਾਉਣ ਲਈ ਕਾਨੂੰਨ ਪੇਸ਼ ਕਰੇਗਾ ਕਿ ਬਿਰਧ ਦੇਖਭਾਲ ਸੇਵਾਵਾਂ ਸੁਰੱਖਿਅਤ ਹੋਣ, ਅਤੇ ਲੋਕਾਂ ਨਾਲ ਸਤਿਕਾਰ ਨਾਲ ਵਿਵਹਾਰ ਕੀਤਾ ਜਾਵੇ ਅਤੇ ਉਨ੍ਹਾਂ ਦੀ ਜੀਵਨ ਗੁਣਵੱਤਾ ਬਣੀ ਰਹੇ
- ਸਾਡੇ ਕੋਲ ਹੁਣ ਮੌਜੂਦ ਬਿਰਧ ਦੇਖਭਾਲ ਕਾਨੂੰਨਾਂ ਦੀ ਥਾਂ ਲੈ ਲਵੇਗਾ।

ਇਸ ਨਵੇਂ ਕਾਨੂੰਨ ਵਿੱਚ ਉਹ ਬਿਰਧ ਦੇਖਭਾਲ ਸੇਵਾਵਾਂ ਵੀ ਸ਼ਾਮਲ ਹਨ ਜਿਨ੍ਹਾਂ ਨੂੰ ਸਰਕਾਰ ਫ਼ੰਡ ਦਿੰਦੀ ਹੈ। ਇਸ ਵਿੱਚ ਉਹ ਪ੍ਰੋਗਰਾਮ ਵੀ ਸ਼ਾਮਲ ਹਨ ਜੋ ਪੁਰਾਣੇ ਬਿਰਧ ਦੇਖਭਾਲ ਕਾਨੂੰਨ ਵਿੱਚ ਸ਼ਾਮਲ ਨਹੀਂ ਸਨ। ਉਦਾਹਰਨ ਵਜੋਂ, National Aboriginal and

Torres Strait Islander Flexible Aged Care (NATSIFAC) [ਨੈਸ਼ਨਲ ਐਬੋਰਿਜ਼ਨਲ ਐਂਡ ਟੋਰੇਸ ਸਟ੍ਰੇਟ ਆਈਲੈਂਡਰ ਫਲੈਕਸੀਬਲ ਏਜਡ ਕੇਅਰ], ਅਤੇ Commonwealth Home Support Programme (CHSP) [ਪ੍ਰੋਗਰਾਮ ਅਤੇ ਕਾਮਨਵੈਲਥ ਹੋਮ ਸਪੋਰਟ ਪ੍ਰੋਗਰਾਮ] ।

ਇਸ ਨਵੇਂ ਕਾਨੂੰਨ ਵਿੱਚ ਬਿਰਧ ਦੇਖਭਾਲ ਦਾ ਪ੍ਰਬੰਧਨ ਕਰਨ ਲਈ ਇੱਕ ਨਵਾਂ ਰੈਗੂਲੇਟਰੀ ਮਾਡਲ ਵੀ ਹੈ। ਇਸ ਮਾਡਲ ਦਾ ਉਦੇਸ਼ ਰਜਿਸਟਰਡ ਪ੍ਰਦਾਤਾਵਾਂ ਨੂੰ ਉੱਚ ਗੁਣਵੱਤਾ ਵਾਲੀ ਬਿਰਧ ਦੇਖਭਾਲ ਸੇਵਾ ਪ੍ਰਦਾਨ ਕਰਨ ਅਤੇ ਆਪਣੀ ਜ਼ਿੰਮੇਵਾਰੀ ਨਿਭਾਉਣ ਵਿੱਚ ਵਧੇਰੇ ਜਵਾਬਦੇਹ ਬਣਨ ਵਿੱਚ ਸਹਾਇਤਾ ਕਰਨ ਲਈ ਬਣਾਇਆ ਗਿਆ ਹੈ।

## ਚੈਪਟਰ 1 – ਭੂਮਿਕਾ

ਚੈਪਟਰ 1 ਇਸ ਨਵੇਂ ਕਾਨੂੰਨ ਵਿੱਚ ਵਰਤੇ ਗਏ ਵਿਚਾਰਾਂ ਅਤੇ ਸ਼ਬਦਾਂ ਦੀ ਵਿਆਖਿਆ ਕਰਦਾ ਹੈ। ਇਹ ਯਕੀਨੀ ਬਣਾਉਂਦਾ ਹੈ ਕਿ ਹਰ ਕੋਈ ਇਨ੍ਹਾਂ ਸ਼ਬਦਾਂ ਦੀ ਵਰਤੋਂ ਇੱਕੋ ਤਰੀਕੇ ਨਾਲ ਕਰੇ, ਅਤੇ ਭੂਮਿਕਾਵਾਂ ਅਤੇ ਕਾਨੂੰਨੀ ਜ਼ਿੰਮੇਵਾਰੀਆਂ ਸਪੱਸ਼ਟ ਹੋਣ।

ਚੈਪਟਰ 1 ਵਿੱਚ ਸ਼ਾਮਲ ਹੈ:

- ਨਵੇਂ ਕਾਨੂੰਨ ਦੇ ਉਦੇਸ਼ – ਇਹ ਦੱਸਦਾ ਹੈ ਕਿ ਇਹ ਕਾਨੂੰਨ ਕਿਉਂ ਬਣਾਇਆ ਗਿਆ ਹੈ
- ਅਧਿਕਾਰਾਂ ਦਾ ਘੋਸ਼ਣਾ-ਪੱਤਰ – ਇਹ ਦੱਸਦਾ ਹੈ ਕਿ ਬਿਰਧ ਦੇਖਭਾਲ ਪ੍ਰਣਾਲੀ ਵਿੱਚ ਬਜ਼ੁਰਗ ਲੋਕਾਂ ਦੇ ਕਿਹੜੇ ਅਧਿਕਾਰ ਹਨ
- Statement of Principles [ਸਿਧਾਂਤਾਂ ਦਾ ਘੋਸ਼ਣਾ-ਪੱਤਰ] – ਇਹ ਮਾਰਗਦਰਸ਼ਨ ਕਰਦਾ ਹੈ ਕਿ ਇਸ ਨਵੇਂ ਕਾਨੂੰਨ ਦੇ ਤਹਿਤ ਕਰਮਚਾਰੀਆਂ ਅਤੇ ਸੰਸਥਾਵਾਂ ਨੂੰ ਕਿਵੇਂ ਵਿਵਹਾਰ ਕਰਨਾ ਚਾਹੀਦਾ ਹੈ ਅਤੇ ਫ਼ੈਸਲੇ ਲੈਣੇ ਚਾਹੀਦੇ ਹਨ।

ਇਸ ਵਿੱਚ ਇਹ ਵੀ ਵਿਆਖਿਆ ਕੀਤੀ ਗਈ ਹੈ ਕਿ ਬਜ਼ੁਰਗ ਲੋਕਾਂ ਦੀ ਮੱਦਦ ਕਰਨ ਵਾਲੇ ਸਹਾਇਤਾਕਰਤਾਵਾਂ ਦੀ ਕੀ ਭੂਮਿਕਾ ਹੋਵੇਗੀ ਤਾਂ ਜੋ ਉਹ ਆਪਣੇ ਫ਼ੈਸਲੇ ਖੁਦ ਲੈ ਸਕਣ।

## ਚੈਪਟਰ 2 - ਬਿਰਧ ਦੇਖਭਾਲ ਪ੍ਰਣਾਲੀ ਵਿੱਚ ਦਾਖਲ ਹੋਣਾ

ਚੈਪਟਰ 2 ਇਹ ਦੱਸਦਾ ਹੈ ਕਿ ਕੌਣ ਸਰਕਾਰ ਵੱਲੋਂ ਫ਼ੰਡ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਦੀ ਵਰਤੋਂ ਕਰ ਸਕਦਾ ਹੈ।

ਇਸ ਵਿੱਚ ਇਹ ਵੀ ਸ਼ਾਮਲ ਹੈ ਕਿ ਬਿਰਧ ਦੇਖਭਾਲ ਸੇਵਾ ਲੈਣ ਲਈ ਲੋਕਾਂ ਦੀ ਘੱਟੋ-ਘੱਟ ਉਮਰ ਕਿੰਨੀ ਹੋਣੀ ਚਾਹੀਦੀ ਹੈ। ਇਸ ਨਾਲ ਸਰਕਾਰ ਦਾ ਇਹ ਟੀਚਾ ਪੂਰਾ ਹੋਵੇਗਾ ਕਿ ਕੋਈ ਵੀ ਨੌਜਵਾਨ ਵਿਅਕਤੀ ਬਿਰਧ ਦੇਖਭਾਲ ਘਰਾਂ ਵਿੱਚ ਨਾ ਰਹੇ।

ਇਹ ਚੈਪਟਰ ਵਿੱਚ ਇਹ ਵੀ ਵਿਆਖਿਆ ਕੀਤੀ ਗਈ ਹੈ ਕਿ ਲੋਕ ਬਿਰਧ ਦੇਖਭਾਲ ਸੇਵਾਵਾਂ ਲੈਣ ਲਈ ਕਿਵੇਂ ਮੰਨਜ਼ੂਰੀ ਲੈਂਦੇ ਹਨ। ਮੁਲਾਂਕਣ ਕਰਨ ਦਾ ਕੇਵਲ ਇੱਕੋ ਤਰੀਕਾ (single assessment pathway) ਜੋ ਮੌਜੂਦਾ ਵੱਖ-ਵੱਖ ਮੁਲਾਂਕਣ ਸੇਵਾਵਾਂ ਨੂੰ ਇੱਕ ਪ੍ਰਣਾਲੀ ਹੇਠ ਲਿਆਉਂਦਾ ਹੈ।

ਚੈਪਟਰ 2 ਵਿੱਚ ਇਹ ਪ੍ਰਕਿਰਿਆਵਾਂ ਵੀ ਸ਼ਾਮਲ ਹਨ:

- Australian National Aged Care Classification (AN-ACC) [ਆਸਟ੍ਰੇਲੀਆਈ ਰਾਸ਼ਟਰੀ ਬਿਰਧ ਦੇਖਭਾਲ ਵਰਗੀਕਰਨ] ਦੀ ਵਰਤੋਂ ਕਰਦੇ ਹੋਏ ਅਸੀਂ ਲੋੜਾਂ ਦਾ ਮੁਲਾਂਕਣ ਕਿਵੇਂ ਕਰਦੇ ਹਾਂ ਅਤੇ ਰਿਹਾਇਸ਼ੀ ਦੇਖਭਾਲ ਸਹੂਲਤ ਲਈ ਫੰਡਿੰਗ ਦਾ ਫ਼ੈਸਲਾ ਕਿਵੇਂ ਕਰਦੇ ਹਾਂ
- ਅਸੀਂ ਕਿਸ ਤਰੀਕੇ ਨਾਲ ਵਿਅਕਤੀ ਦੀਆਂ ਲੋੜਾਂ ਦਾ ਮੁਲਾਂਕਣ ਕਰਦੇ ਹਾਂ, ਉਹ ਕਿਹੜੀਆਂ ਸੇਵਾਵਾਂ ਲੈ ਸਕਦਾ ਹੈ, ਅਤੇ Support at Home ਪ੍ਰੋਗਰਾਮ ਲਈ ਮਾਇਕ ਸਹਾਇਤਾ ਕਿਵੇਂ ਤੈਅ ਕੀਤੀ ਜਾਂਦੀ ਹੈ
- ਕਿਹੜਾ ਵਿਅਕਤੀ ਫ਼ੰਡ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਲਈ ਪਹਿਲੀ ਤਰਜੀਹ 'ਤੇ ਆਉਂਦਾ ਹੈ
- ਲੋਕਾਂ ਨੂੰ ਬਿਰਧ ਦੇਖਭਾਲ ਸੇਵਾਵਾਂ ਤੱਕ ਪਹੁੰਚ ਕਰਨ ਲਈ ਜਗ੍ਹਾ ਕਿਵੇਂ ਮਿਲਦੀ ਹੈ।

## ਚੈਪਟਰ 3 – ਰਜਿਸਟਰਡ ਸੇਵਾ ਪ੍ਰਦਾਤਾ, ਕਰਮਚਾਰੀ ਅਤੇ ਡਿਜ਼ੀਟਲ ਪਲੇਟਫਾਰਮ ਚਲਾਉਣ ਵਾਲੇ

ਬਿਰਧ ਦੇਖਭਾਲ ਸੇਵਾਵਾਂ ਪ੍ਰਦਾਨ ਕਰਨ ਤੋਂ ਪਹਿਲਾਂ ਪ੍ਰਦਾਤਾਵਾਂ ਲਈ ਬਜ਼ੁਰਗ ਦੇਖਭਾਲ ਗੁਣਵੱਤਾ ਅਤੇ ਸੁਰੱਖਿਆ ਕਮਿਸ਼ਨ (Commission) ਨਾਲ ਰਜਿਸਟਰ ਹੋਣਾ ਲਾਜ਼ਮੀ ਹੈ। ਚੈਪਟਰ 3 ਇਹ ਵਿਆਖਿਆ ਕਰਦਾ ਹੈ ਕਿ ਇਹ ਕਮਿਸ਼ਨ ਕਿਸ ਤਰੀਕੇ ਨਾਲ ਰਜਿਸਟ੍ਰੇਸ਼ਨ ਲਈ ਆਈਆਂ ਅਰਜ਼ੀਆਂ ਦਾ ਮੁਲਾਂਕਣ ਕਰੇਗਾ। ਇਹ ਕਮਿਸ਼ਨ ਇਸ ਪ੍ਰਕਿਰਿਆ ਦੇ ਹਿੱਸੇ ਵਜੋਂ ਰਿਹਾਇਸ਼ੀ ਬਿਰਧ ਦੇਖਭਾਲ ਘਰਾਂ ਨੂੰ ਵੀ ਮੰਨਜ਼ੂਰੀ ਦੇਵੇਗਾ।

ਚੈਪਟਰ 3 ਹੇਠ ਲਿਖਿਆ ਲਈ ਨਿਯਮਾਂ ਅਤੇ ਜ਼ਿੰਮੇਵਾਰੀਆਂ ਨੂੰ ਨਿਰਧਾਰਤ ਕਰਦਾ ਹੈ:

- ਰਜਿਸਟਰਡ ਪ੍ਰਦਾਤਾਵਾਂ ਲਈ, ਭਾਵੇਂ ਉਹ ਕੁੱਝ ਸੇਵਾਵਾਂ ਨੂੰ ਅੱਗੇ ਠੇਕੇ 'ਤੇ ਕਰਵਾਉਂਦੇ ਹਨ
- ਕਰਮਚਾਰੀਆਂ ਲਈ
- ਜਵਾਬਦੇਹ ਵਿਅਕਤੀਆਂ ਲਈ - ਜਿਨ੍ਹਾਂ ਦੀ ਬਿਰਧ ਦੇਖਭਾਲ ਸੇਵਾ ਸੰਸਥਾ ਵਿੱਚ ਅਗਵਾਈ ਵਾਲੀ ਭੂਮਿਕਾ ਹੈ।

ਜੇਕਰ ਕੋਈ ਪ੍ਰਦਾਤਾ ਰਜਿਸਟ੍ਰੇਸ਼ਨ ਦੀਆਂ ਸ਼ਰਤਾਂ ਨੂੰ ਪੂਰਾ ਨਹੀਂ ਕਰਦਾ ਹੈ ਤਾਂ ਇਹ ਕਮਿਸ਼ਨ ਕਾਨੂੰਨੀ ਕਾਰਵਾਈ ਕਰਨ ਦੇ ਯੋਗ ਹੋਵੇਗਾ। ਇਸ ਵਿੱਚ ਭਾਰੀ ਸਿਵਲ ਜੁਰਮਾਨੇ ਸ਼ਾਮਲ ਹੋ ਸਕਦੇ ਹਨ।

ਚੈਪਟਰ 3 ਵਿੱਚ ਰਜਿਸਟਰਡ ਸੇਵਾ ਪ੍ਰਦਾਤਾਵਾਂ ਅਤੇ ਜਵਾਬਦੇਹ ਵਿਅਕਤੀਆਂ ਲਈ ਨਵੀਆਂ ਕਾਨੂੰਨੀ ਜ਼ਿੰਮੇਵਾਰੀਆਂ ਵੀ ਨਿਰਧਾਰਤ ਕੀਤੀਆਂ ਗਈਆਂ ਹਨ। ਡਿਜ਼ੀਟਲ ਪਲੇਟਫਾਰਮ ਪ੍ਰਦਾਤਾਵਾਂ ਲਈ ਵੀ ਨਵੀਆਂ ਕਾਨੂੰਨੀ ਜ਼ਿੰਮੇਵਾਰੀਆਂ ਲਾਗੂ ਕੀਤੀਆਂ ਗਈਆਂ ਹਨ, ਜੋ ਬਿਰਧ ਦੇਖਭਾਲ ਸੇਵਾਵਾਂ ਦੇਣ ਵਿੱਚ ਸਹਾਇਤਾ ਕਰਨ ਲਈ ਬਿਰਧ ਦੇਖਭਾਲ ਸੇਵਾਵਾਂ ਦੀਆਂ ਵੈੱਬਸਾਈਟਾਂ, ਐਪ ਜਾਂ ਸਿਸਟਮ ਬਣਾਉਂਦੇ ਹਨ।

## ਚੈਪਟਰ 4 – ਫ਼ੀਸਾਂ, ਭੁਗਤਾਨ ਅਤੇ ਸਬਸਿਡੀਆਂ

ਚੈਪਟਰ 4 ਵਿਆਖਿਆ ਕਰਦਾ ਹੈ ਕਿ ਬਿਰਧ ਦੇਖਭਾਲ ਸੇਵਾਵਾਂ ਲਈ ਫੰਡਿੰਗ ਕਿਵੇਂ ਕੰਮ ਕਰੇਗੀ। ਇਸ ਵਿੱਚ ਇਹ ਵੀ ਸ਼ਾਮਲ ਹੈ ਕਿ ਸਰਕਾਰ ਕੀ ਭੁਗਤਾਨ ਕਰੇਗੀ ਅਤੇ ਰਜਿਸਟਰਡ ਸੇਵਾ ਪ੍ਰਦਾਤਾ ਬਜ਼ੁਰਗ ਲੋਕਾਂ ਤੋਂ ਕੀ ਭੁਗਤਾਨ ਲੈ ਸਕਦੇ ਹਨ।

ਚੈਪਟਰ 4 ਇਹ ਨਿਰਧਾਰਤ ਕਰਦਾ ਹੈ ਕਿ:

- ਕਦੋਂ ਸਰਕਾਰੀ ਫੰਡਿੰਗ ਸਬਸਿਡੀਆਂ ਜਾਂ ਗ੍ਰਾਂਟਾਂ ਰਾਹੀਂ ਦਿੱਤੀ ਜਾਵੇਗੀ
- ਕਦੋਂ ਫੰਡਿੰਗ ਦਾ ਭੁਗਤਾਨ ਵਿਸ਼ੇਸ਼ ਬਿਰਧ ਦੇਖਭਾਲ ਪ੍ਰੋਗਰਾਮਾਂ, ਜਿਵੇਂ ਕਿ CHSP ਜਾਂ NATSIFAC ਪ੍ਰੋਗਰਾਮ ਦੁਆਰਾ ਕੀਤਾ ਜਾਵੇਗਾ।

ਚੈਪਟਰ 4 ਵਿੱਚ ਇਹ ਵੀ ਨੋਟ ਕੀਤਾ ਗਿਆ ਹੈ ਕਿ ਇਸ ਸਬਸਿਡੀ ਦਾ ਕੁੱਝ ਹਿੱਸਾ ਵਿਅਕਤੀ ਦੀਆਂ ਲੋੜਾਂ 'ਤੇ ਅਧਾਰਿਤ ਹੋਵੇਗਾ ਅਤੇ ਕੁੱਝ ਸੇਵਾ ਪ੍ਰਦਾਤਾ ਦੀਆਂ ਨਿਸ਼ਚਿਤ ਲਾਗਤਾਂ 'ਤੇ ਅਧਾਰਿਤ ਹੋਵੇਗਾ।

ਇਸ ਵਿੱਚ ਇਹ ਵੀ ਨਿਰਧਾਰਤ ਕੀਤਾ ਗਿਆ ਹੈ ਕਿ ਲੋਕਾਂ ਨੂੰ ਫ਼ੰਡ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਲਈ ਕੀ ਭੁਗਤਾਨ ਕਰਨ ਦੀ ਲੋੜ ਹੋ ਸਕਦੀ ਹੈ ਅਤੇ ਪ੍ਰਦਾਤਾਵਾਂ ਨੂੰ ਉਨ੍ਹਾਂ ਭੁਗਤਾਨਾਂ ਦਾ ਪ੍ਰਬੰਧਨ ਕਿਵੇਂ ਕਰਨਾ ਚਾਹੀਦਾ ਹੈ।

ਇਸ ਚੈਪਟਰ ਵਿੱਚ ਇਹ ਵੀ ਨਿਰਧਾਰਤ ਕੀਤਾ ਗਿਆ ਹੈ ਕਿ ਆਮਦਨੀ ਟੈਸਟ (means testing) ਰਿਹਾਇਸ਼ੀ ਦੇਖਭਾਲ ਅਤੇ Support at Home ਪ੍ਰੋਗਰਾਮਾਂ ਲਈ ਕਿਵੇਂ ਲਾਗੂ ਹੁੰਦੀ ਹੈ। ਆਮਦਨੀ ਟੈਸਟ ਵਿਸ਼ੇਸ਼ ਬਿਰਧ ਦੇਖਭਾਲ ਪ੍ਰੋਗਰਾਮਾਂ 'ਤੇ ਲਾਗੂ ਨਹੀਂ ਹੁੰਦੀ ਹੈ।

ਚੈਪਟਰ 4 ਵਿੱਚ ਇਸ ਬਾਰੇ ਵੀ ਨਿਯਮ ਹਨ ਕਿ ਰਜਿਸਟਰਡ ਪ੍ਰਦਾਤਾ ਕਿਵੇਂ:

- ਬਜ਼ੁਰਗ ਲੋਕਾਂ ਨਾਲ ਰਿਹਾਇਸ਼ ਸੰਬੰਧੀ ਸਮਝੌਤੇ ਕਰ ਸਕਦੇ ਹਨ
- ਰਿਹਾਇਸ਼ ਲਈ ਫ਼ੀਸ ਲੈ ਸਕਦੇ ਹਨ
- ਵਾਪਸੀਯੋਗ ਰਿਹਾਇਸ਼ ਪੇਸ਼ਗੀ ਰਕਮ ਦਾ ਪ੍ਰਬੰਧਨ ਕਰ ਸਕਦੇ ਹਨ।

## ਚੈਪਟਰ 5 – ਬਿਰਧ ਦੇਖਭਾਲ ਪ੍ਰਣਾਲੀ ਦਾ ਸੰਚਾਲਨ ਪ੍ਰਬੰਧਨ

ਚੈਪਟਰ 5 ਇਹ ਵਿਆਖਿਆ ਕਰਦਾ ਹੈ ਕਿ ਬਿਰਧ ਦੇਖਭਾਲ ਪ੍ਰਣਾਲੀ ਨੂੰ ਕੌਣ ਅਤੇ ਕਿਵੇਂ ਚਲਾਏਗਾ। ਇਸ ਨੂੰ ਸੰਚਾਲਨ ਪ੍ਰਬੰਧਨ (ਗਵਰਨੈਂਸ) ਕਿਹਾ ਜਾਂਦਾ ਹੈ।

ਕਈ ਤਰ੍ਹਾਂ ਦੀਆਂ ਭੂਮਿਕਾਵਾਂ ਬਿਰਧ ਦੇਖਭਾਲ ਪ੍ਰਣਾਲੀ ਦਾ ਪ੍ਰਬੰਧਨ ਕਰਨਗੀਆਂ:

- Department of Health, Disability and Ageing ਦੇ ਸਕੱਤਰ – ਜਿਸ ਨੂੰ System Governor [ਸਿਸਟਮ ਗਵਰਨਰ] ਕਿਹਾ ਜਾਂਦਾ ਹੈ – ਇਹ ਯਕੀਨੀ ਬਣਾਉਂਦਾ ਹੈ ਕਿ ਬਿਰਧ ਦੇਖਭਾਲ ਪ੍ਰਣਾਲੀ ਕਿਵੇਂ ਚੱਲ ਰਹੀ ਹੈ, ਜਿਸ ਵਿੱਚ ਸੇਵਾਵਾਂ ਤੱਕ ਪਹੁੰਚ ਨੂੰ ਨਿਰਪੱਖ ਬਣਾਉਣਾ ਸ਼ਾਮਲ ਹੈ
- Inspector-General of Aged Care [ਬਿਰਧ ਦੇਖਭਾਲ ਪ੍ਰਣਾਲੀ ਦਾ ਇੰਸਪੈਕਟਰ-ਜਨਰਲ ]– ਬਿਰਧ ਦੇਖਭਾਲ ਪ੍ਰਣਾਲੀ ਦੀ ਨਿਗਰਾਨੀ ਕਰਦਾ ਹੈ ਅਤੇ ਸੰਸਦ ਨੂੰ ਰਿਪੋਰਟ ਦਿੰਦਾ ਹੈ
- Aged Care Quality and Safety Commissioner (ਕਮਿਸ਼ਨਰ) [ਬਿਰਧ ਦੇਖਭਾਲ ਗੁਣਵੱਤਾ ਅਤੇ ਸੁਰੱਖਿਆ ਕਮਿਸ਼ਨਰ] – ਸੇਵਾ ਪ੍ਰਦਾਤਾਵਾਂ ਦੀ ਰਜਿਸਟ੍ਰੇਸ਼ਨ ਦੀ ਦੇਖਰੇਖ ਕਰਦਾ ਹੈ ਅਤੇ ਬਿਰਧ ਦੇਖਭਾਲ ਸੇਵਾ ਦੇ ਗੁਣਵੱਤਾ, ਸੁਰੱਖਿਆ ਅਤੇ ਵਿੱਤੀ ਮਾਮਲਿਆਂ ਨੂੰ ਨਿਯੰਤਰਤ ਕਰਦਾ ਹੈ। ਉਹ ਇਹ ਵੀ ਯਕੀਨੀ ਬਣਾਉਂਦੇ ਹਨ ਕਿ ਬਿਰਧ ਦੇਖਭਾਲ ਸੇਵਾ ਪ੍ਰਦਾਤਾ ਖੁੱਲ੍ਹੇ ਅਤੇ ਨੈਤਿਕ ਢੰਗ ਨਾਲ ਕੰਮ ਕਰਦੇ ਹਨ
- Complaints Commissioner [ਸ਼ਿਕਾਇਤ ਨਿਪਟਾਰਾ ਕਮਿਸ਼ਨਰ] – ਇਹ ਕਮਿਸ਼ਨ ਨੂੰ ਕੀਤੀਆਂ ਸ਼ਿਕਾਇਤਾਂ ਨੂੰ ਹੱਲ ਕਰਦਾ ਹੈ
- Aged Care Quality and Safety Advisory Council [ਬਿਰਧ ਦੇਖਭਾਲ ਗੁਣਵੱਤਾ ਅਤੇ ਸੁਰੱਖਿਆ ਸਲਾਹਕਾਰ ਕੌਂਸਲ] – ਇਹ ਕਮਿਸ਼ਨ ਦੇ ਕੰਮ ਦੀ ਨਿਗਰਾਨੀ ਕਰਦੀ ਹੈ।

## ਚੈਪਟਰ 6 – ਨਿਯਮ-ਕਾਨੂੰਨ ਲਾਗੂ ਕਰਨ ਸੰਬੰਧੀ ਢਾਂਚੇ (Regulatory mechanisms)

ਇਸ ਕਮਿਸ਼ਨਰ, ਸ਼ਿਕਾਇਤ ਨਿਪਟਾਰਾ ਕਮਿਸ਼ਨਰ ਅਤੇ ਸਿਸਟਮ ਗਵਰਨਰ ਕੋਲ ਆਪਣੀਆਂ ਭੂਮਿਕਾਵਾਂ ਨਿਭਾਉਣ ਲਈ ਕਈ ਤਰ੍ਹਾਂ ਦੇ ਅਧਿਕਾਰ ਹੋਣਗੇ। ਚੈਪਟਰ 6 ਇਹ ਵਿਆਖਿਆ ਕਰਦਾ ਹੈ ਕਿ ਉਹ ਇਨ੍ਹਾਂ ਅਧਿਕਾਰਾਂ ਦੀ ਵਰਤੋਂ ਕਿਵੇਂ ਕਰ ਸਕਦੇ ਹਨ। ਇਹ ਚੈਪਟਰ ਇਹ ਵੀ ਦੱਸਦਾ ਹੈ ਕਿ ਕਮਿਸ਼ਨਰ ਕਿੰਨ੍ਹਾਂ ਸਥਿਤੀਆਂ ਵਿੱਚ ਕਿਸੇ ਅਧਿਕਾਰਤ ਵਿਅਕਤੀ ਨੂੰ ਸੇਵਾ ਪ੍ਰਦਾਤਾ ਦੀ ਸਹਿਮਤੀ ਜਾਂ ਵਾਰੰਟ ਤੋਂ ਬਿਨਾਂ ਰਿਹਾਇਸ਼ੀ ਦੇਖਭਾਲ ਘਰ ਵਿੱਚ ਜਾਣ ਦੀ ਆਗਿਆ ਦੇ ਸਕਦਾ ਹੈ।

ਚੈਪਟਰ 6 ਵਿੱਚ ਜਾਣਕਾਰੀ ਪ੍ਰਾਪਤ ਕਰਨ ਅਤੇ ਨੋਟਿਸ ਜਾਰੀ ਕਰਨ ਦੇ ਅਧਿਕਾਰ ਵੀ ਦਿੱਤੇ ਗਏ ਹਨ। ਇਹ ਅਧਿਕਾਰ ਇਹ ਯਕੀਨੀ ਬਣਾਉਂਦੇ ਹਨ ਕਿ ਇਹ ਕਮਿਸ਼ਨਰ, ਸ਼ਿਕਾਇਤ ਨਿਪਟਾਰਾ ਕਮਿਸ਼ਨਰ ਅਤੇ ਸਿਸਟਮ ਗਵਰਨਰ ਨੂੰ ਆਪਣਾ ਕੰਮ ਕਰਨ ਲਈ ਲੋੜੀਂਦੀ ਜਾਣਕਾਰੀ ਮਿਲ ਸਕੇ।

ਇਹ ਚੈਪਟਰ ਪਾਬੰਦੀ ਦੇ ਆਦੇਸ਼ਾਂ (banning orders) ਦੀ ਵਰਤੋਂ ਦੀ ਵੀ ਆਗਿਆ ਦਿੰਦਾ ਹੈ। ਪਾਬੰਦੀ ਦਾ ਆਦੇਸ਼ ਉਹ ਤਰੀਕਾ ਹੈ ਜਿਸ ਰਾਹੀਂ ਉਨ੍ਹਾਂ ਕਰਮਚਾਰੀਆਂ ਜਾਂ ਸੇਵਾ ਪ੍ਰਦਾਤਾਵਾਂ ਨੂੰ ਬਿਰਧ ਦੇਖਭਾਲ ਸੇਵਾਵਾਂ ਦੀਆਂ ਕਿਸਮਾਂ ਪ੍ਰਦਾਨ ਕਰਨ ਤੋਂ ਰੋਕਿਆ ਜਾ ਸਕਦਾ ਹੈ ਜੋ ਗ਼ਲਤ ਕੰਮ ਕਰਦੇ ਹਨ।

## ਚੈਪਟਰ 7 – ਜਾਣਕਾਰੀ ਪ੍ਰਬੰਧਨ

ਚੈਪਟਰ 7 ਵਿੱਚ ਬਿਰਧ ਦੇਖਭਾਲ ਪ੍ਰਣਾਲੀ ਵਿੱਚ ਜਾਣਕਾਰੀ ਦੇ ਪ੍ਰਬੰਧਨ ਲਈ ਨਵੇਂ ਨਿਯਮ ਦਿੱਤੇ ਗਏ ਹਨ। ਇਹ ਨਿਯਮ ਲੋਕਾਂ ਦੀ ਨਿੱਜਤਾ ਦੀ ਰੱਖਿਆ ਕਰਨ ਵਿੱਚ ਮੱਦਦ ਕਰਨਗੇ। ਇਹ ਇਸ ਗੱਲ ਨੂੰ ਯਕੀਨੀ ਬਣਾਉਣ ਵਿੱਚ ਵੀ ਮੱਦਦ ਕਰਨਗੇ ਕਿ ਰਜਿਸਟਰਡ ਸੇਵਾ ਪ੍ਰਦਾਤਾਵਾਂ ਬਾਰੇ ਜਾਣਕਾਰੀ ਪਾਰਦਰਸ਼ੀ ਹੋਵੇ।

ਇਸ ਚੈਪਟਰ ਵਿੱਚ ਸ਼ਾਮਲ ਹਨ:

- ਜਾਣਕਾਰੀ ਦਾ ਪ੍ਰਬੰਧਨ ਕਰਨ ਲਈ ਇੱਕ ਸੁਧਾਰ ਕੀਤਾ ਹੋਇਆ ਢਾਂਚਾ
- ਕਾਨੂੰਨ ਦੁਆਰਾ ਸੁਰੱਖਿਆ ਹਾਸਿਲ ਜਾਣਕਾਰੀ ਦੀ ਇੱਕ ਨਵੀਂ ਪਰਿਭਾਸ਼ਾ
- ਕਾਨੂੰਨ ਦੁਆਰਾ ਸੁਰੱਖਿਆ ਹਾਸਿਲ ਜਾਣਕਾਰੀ ਨੂੰ ਕੌਣ ਇਕੱਠੀ ਕਰ ਸਕਦਾ, ਵਰਤ ਸਕਦਾ ਅਤੇ ਖੁਲਾਸਾ ਕਰ ਸਕਦਾ ਹੈ ਅਤੇ ਕਦੋਂ।

ਚੈਪਟਰ 7 ਵਿੱਚ ਵ੍ਹਿਸਲਬਲੋਅਰਾਂ, ਉਹ ਲੋਕ ਜੋ ਗ਼ਲਤ ਕੰਮ ਬਾਰੇ ਜਾਣਕਾਰੀ ਦਿੰਦੇ ਹਨ, ਦੀ ਸੁਰੱਖਿਆ ਲਈ ਹੋਰ ਵੀ ਨਿਯਮ ਹਨ। ਇਹ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਹੈ ਤਾਂ ਜੋ ਬਜ਼ੁਰਗ ਲੋਕ, ਉਨ੍ਹਾਂ ਦੇ ਪਰਿਵਾਰਕ ਮੈਂਬਰ, ਦੇਖਭਾਲ ਕਰਨ ਵਾਲੇ ਅਤੇ ਕਰਮਚਾਰੀ ਕਿਸੇ ਵੀ ਤਰ੍ਹਾਂ ਦੀ ਸਜ਼ਾ ਦਿੱਤੇ ਜਾਣ ਜਾਂ ਬੇਇਨਸਾਫ਼ੀ ਵਾਲਾ ਵਤੀਰੇ ਕੀਤੇ ਜਾਣ ਦੇ ਡਰ ਤੋਂ ਬਿਨਾਂ ਸੱਚਾਈ ਬਿਆਨ ਕਰ ਸਕਣ।

ਲੋਕ ਰਿਪੋਰਟ ਕਰ ਸਕਦੇ ਹਨ ਜੇਕਰ ਉਨ੍ਹਾਂ ਨੂੰ ਪਤਾ ਹੋਵੇ ਜਾਂ ਉਨ੍ਹਾਂ ਨੂੰ ਲੱਗਦਾ ਹੈ ਕਿ ਕਿਸੇ ਨੇ ਕਾਨੂੰਨ ਦੀ ਉਲੰਘਣਾ ਕੀਤੀ ਹੈ।

## ਚੈਪਟਰ 8 – ਹੋਰ ਵੱਖ-ਵੱਖ ਮਾਮਲੇ

ਚੈਪਟਰ 8 ਹੋਰ ਵੱਖ-ਵੱਖ ਪ੍ਰਕਾਰ ਦੇ ਮਾਮਲਿਆਂ ਬਾਰੇ ਹੈ ਜੋ ਬਿਰਧ ਦੇਖਭਾਲ ਪ੍ਰਣਾਲੀ ਦੀ ਸਹਾਇਤਾ ਕਰਨਗੇ। ਇਸ ਵਿੱਚ ਸ਼ਾਮਲ ਹਨ:

- ਸਿਸਟਮ ਗਵਰਨਰ, ਕਮਿਸ਼ਨਰ ਅਤੇ ਸ਼ਿਕਾਇਤ ਨਿਪਟਾਰਾ ਕਮਿਸ਼ਨਰ ਕਿਵੇਂ ਅਤੇ ਕਦੋਂ ਆਪਣੇ ਸਥਾਨ 'ਤੇ ਕਿਸੇ ਹੋਰ ਵਿਅਕਤੀ ਨੂੰ ਕੰਮ ਕਰਨ ਦੀ ਆਗਿਆ ਦੇ ਸਕਦੇ ਹਨ
- ਕਦੋਂ ਸਿਸਟਮ ਗਵਰਨਰ ਅਤੇ ਕਮਿਸ਼ਨਰ ਫਾਰਮਾਂ ਨੂੰ ਮੰਨਜ਼ੂਰ ਕਰ ਸਕਦੇ ਹਨ, ਫ਼ੀਸਾਂ ਲਾਗੂ ਕਰ ਸਕਦੇ ਹਨ ਅਤੇ ਖ਼ਾਸ ਫ਼ੈਸਲੇ ਲੈਣ ਲਈ ਕੰਪਿਊਟਰ ਪ੍ਰੋਗਰਾਮਾਂ ਦੀ ਵਰਤੋਂ ਕਰ ਸਕਦੇ ਹਨ
- ਕਿ Minister for Aged Care [ਬਿਰਧ ਦੇਖਭਾਲ ਮੰਤਰੀ] ਨਿਯਮ ਬਣਾਉਣ ਦਾ ਅਧਿਕਾਰ ਰੱਖਦਾ ਹੈ।

ਇਹ ਚੈਪਟਰ ਲੋਕਾਂ ਨੂੰ ਇਹ ਅਧਿਕਾਰ ਵੀ ਦਿੰਦਾ ਹੈ ਕਿ ਉਹ ਕਮਿਸ਼ਨਰ, ਸ਼ਿਕਾਇਤ ਨਿਪਟਾਰਾ ਕਮਿਸ਼ਨਰ, ਸਿਸਟਮ ਗਵਰਨਰ, ਜਾਂ Independent Health and Aged Care Pricing Authority [ਸਿਹਤ ਅਤੇ ਬਿਰਧ ਦੇਖਭਾਲ ਦੀ ਕੀਮਤ ਤੈਅ ਕਰਨ ਵਾਲੀ ਖ਼ੁਦਮੁਖ਼ਤਿਆਰ ਅਥਾਰਟੀ] ਵੱਲੋਂ ਲਏ ਗਏ ਕੁੱਝ ਫ਼ੈਸਲਿਆਂ ਦੀ ਸਮੀਖਿਆ ਕੀਤੇ ਜਾਣ ਦੀ ਮੰਗ ਕਰ ਸਕਣ।

ਇਹ ਇਸ ਗੱਲ ਦੀ ਵਿਆਖਿਆ ਵੀ ਕਰਦਾ ਹੈ ਕਿ ਸਿਸਟਮ ਗਵਰਨਰ ਹਰੇਕ ਸਾਲ ਉਨ੍ਹਾਂ ਦੇ ਕੰਮ ਦੀ ਰਿਪੋਰਟ ਦੇਵੇਗਾ ਅਤੇ ਵਾਪਸੀਯੋਗ ਰਿਹਾਇਸ਼ ਪੇਸ਼ਗੀ ਰਕਮ ਦੀ ਸਮੀਖਿਆ ਕਰੇਗਾ।

## ਇਸ ਨਵੇਂ ਕਾਨੂੰਨ ਲਈ ਸਹਿਯੋਗ ਅਤੇ ਅਗਲੇ ਕਦਮ

### ਬਿਰਧ ਦੇਖਭਾਲ (ਨਤੀਜਾਤਮਕ ਅਤੇ ਪਰਿਵਰਤਨਸ਼ੀਲ ਪ੍ਰਬੰਧ) ਕਾਨੂੰਨ 2024

ਇਹ *ਬਿਰਧ ਦੇਖਭਾਲ (ਨਤੀਜਾਤਮਕ ਅਤੇ ਪਰਿਵਰਤਨਸ਼ੀਲ ਪ੍ਰਬੰਧ) ਕਾਨੂੰਨ* 10 ਦਸੰਬਰ 2024 ਨੂੰ ਕਾਨੂੰਨ ਬਣ ਗਿਆ ਸੀ। ਇਹ ਇੱਕ ਅਜਿਹਾ ਕਾਨੂੰਨ ਹੈ ਜੋ ਨਵੇਂ Aged Care Act ਨੂੰ ਸ਼ੁਰੂ ਕਰਨ ਦੀ ਆਗਿਆ ਦਿੰਦਾ ਹੈ ਅਤੇ ਇਸ ਨਵੇਂ ਕਾਨੂੰਨ ਵੱਲ ਬਦਲਣ ਦੀ ਪ੍ਰਕਿਰਿਆ ਵਿੱਚ ਸਹਿਯੋਗ ਕਰਦਾ ਹੈ।

ਇਸਦੇ 4 ਮੁੱਖ ਉਦੇਸ਼ ਹਨ:

- ਮੌਜੂਦਾ ਕਾਨੂੰਨਾਂ ਨੂੰ ਖ਼ਤਮ ਕਰਕੇ ਇਸ ਨਵੇਂ Aged Care Act ਨੂੰ ਬਿਰਧ ਦੇਖਭਾਲ ਲਈ ਮੁੱਖ ਕਾਨੂੰਨ ਬਣਾਉਣਾ - ਜਿਸ ਵਿੱਚ *Aged Care Act 1997*, *Aged Care Quality and Safety Commission Act 2018*, ਅਤੇ *Aged Care (Transitional Provisions) Act 1997* ਸ਼ਾਮਿਲ ਹਨ
- ਇਹ ਯਕੀਨੀ ਬਣਾਉਣਾ ਕਿ ਬਿਰਧ ਦੇਖਭਾਲ ਕਾਨੂੰਨ ਬਾਰੇ ਦਿੱਤੀ ਜਾਣਕਾਰੀ ਹੁਣ ਪੁਰਾਣੇ ਕਾਨੂੰਨਾਂ ਦੀ ਬਜਾਏ *ਬਿਰਧ ਦੇਖਭਾਲ ਕਾਨੂੰਨ 2024* ਨੂੰ ਦਰਸਾਵੇ
- ਇਹ ਵਿਆਖਿਆ ਕਰਨੀ ਕਿ ਮੌਜੂਦਾ ਕਾਨੂੰਨ 1 ਨਵੰਬਰ 2025 ਤੋਂ ਨਵੇਂ ਕਾਨੂੰਨ ਵਿੱਚ ਕਿਵੇਂ ਬਦਲਣਗੇ
- Royal Commission ਦੀ ਸਿਫਾਰਸ਼ 77 ਅਤੇ 88 ਦੇ ਅਨੁਸਾਰ, Freedom of Information laws [ਸੂਚਨਾ ਦੀ ਆਜ਼ਾਦੀ], *National Disability Insurance Act 2013* [ਰਾਸ਼ਟਰੀ ਅਪੰਗਤਾ ਬੀਮਾ ਕਾਨੂੰਨ 2013], ਅਤੇ *Crimes Act 1958* [ਅਪਰਾਧ ਕਾਨੂੰਨ 1958] ਵਿੱਚ ਤਬਦੀਲੀਆਂ ਲਿਆਉਣਾ।

ਇਹ ਯਕੀਨੀ ਬਣਾਏਗਾ ਕਿ ਜਦੋਂ ਅਸੀਂ ਨਵੇਂ ਕਾਨੂੰਨ ਵੱਲ ਬਦਲ ਰਹੇ ਹੋਵਾਂਗੇ, ਉਦੋਂ ਵੀ ਬਜ਼ੁਰਗ ਲੋਕਾਂ ਨੂੰ ਸੁਰੱਖਿਅਤ ਅਤੇ ਗੁਣਵੱਤਾ ਵਾਲੀ ਦੇਖਭਾਲ ਮਿਲਦੀ ਰਹੇ। ਇਹ ਮੰਨਜ਼ੂਰਸ਼ੁਦਾ ਬਜ਼ੁਰਗ ਦੇਖਭਾਲ ਪ੍ਰਦਾਤਾਵਾਂ ਨੂੰ ਨਵੀਂ ਪ੍ਰਣਾਲੀ ਦੇ ਤਹਿਤ ਰਜਿਸਟਰਡ ਪ੍ਰਦਾਤਾ ਬਣਨ ਦੀ ਵੀ ਆਗਿਆ ਦਿੰਦਾ ਹੈ।

## ਇਨ੍ਹਾਂ ਨਿਯਮਾਂ 'ਤੇ ਫੀਡਬੈਕ ਲੈਣਾ

ਇਸ ਨਵੇਂ ਕਾਨੂੰਨ ਨੂੰ ਸਹਿਯੋਗ ਦੇਣ ਲਈ ਨਿਯਮਾਂ ਦਾ ਇੱਕ ਸਮੂਹ ਬਣਾਇਆ ਜਾਵੇਗਾ। ਇਹ ਨਿਯਮ ਵਿਆਖਿਆ ਕਰਦੇ ਹਨ ਕਿ ਇਹ ਨਵਾਂ ਕਾਨੂੰਨ ਕਿਵੇਂ ਅਮਲ ਵਿੱਚ ਲਿਆਂਦਾ ਜਾਵੇਗਾ। ਜੇਕਰ ਸਾਨੂੰ ਲੋੜ ਹੋਵੇ ਤਾਂ ਅਸੀਂ ਸਮੇਂ ਦੇ ਨਾਲ ਇਹਨਾਂ ਨਿਯਮਾਂ ਦੀ ਸਮੀਖਿਆ ਕਰ ਸਕਦੇ ਹਾਂ ਜਾਂ ਤਬਦੀਲ ਕਰ ਸਕਦੇ ਹਾਂ। ਉਦਾਹਰਨ ਵਜੋਂ, ਜੇਕਰ ਕੋਈ ਸਮੱਸਿਆ ਆਉਂਦੀ ਹੈ ਜਾਂ ਕੰਮ ਕਰਨ ਦੇ ਬੇਹਤਰੀਨ ਤਰੀਕੇ ਵਿੱਚ ਕੋਈ ਬਦਲਾਅ ਹੁੰਦੇ ਹਨ।

ਜ਼ਿਆਦਾਤਰ ਨਿਯਮ ਪਹਿਲਾਂ ਤੋਂ ਹੀ ਮੌਜੂਦ ਹਨ ਅਤੇ ਉਹ ਇਸ ਨਵੇਂ ਕਾਨੂੰਨ ਦਾ ਹਿੱਸਾ ਬਣ ਜਾਣਗੇ। ਪਰ ਕੁੱਝ ਨਵੇਂ ਨਿਯਮ ਵੀ ਲਿਆਂਦੇ ਜਾਣਗੇ। ਉਦਾਹਰਨ ਵਜੋਂ, ਉਹ ਨਿਯਮ ਜੋ ਇਹ ਵਿਆਖਿਆ ਕਰਦੇ ਹਨ ਕਿ Support at Home ਪ੍ਰੋਗਰਾਮ ਲਈ ਫੰਡਿੰਗ ਕਿਵੇਂ ਕੰਮ ਕਰੇਗੀ।

ਅਸੀਂ ਫੀਡਬੈਕ ਚਾਹੁੰਦੇ ਹਾਂ ਤਾਂ ਜੋ ਅਸੀਂ:

- ਕਮਿਊਨਿਟੀ ਨੇ ਸਾਨੂੰ ਜੋ ਦੱਸਿਆ, ਉਸ ਅਧਾਰ 'ਤੇ ਨਿਯਮਾਂ ਵਿੱਚ ਸੁਧਾਰ ਕਰ ਸਕੀਏ
- ਇਹ ਯਕੀਨੀ ਬਣਾਈਏ ਕਿ ਨਿਯਮਾਂ ਵਿੱਚ ਉਹ ਫੀਡਬੈਕ ਸ਼ਾਮਲ ਹੋਵੇ ਜੋ ਸਾਨੂੰ ਪਿਛਲੇ ਸਲਾਹ-ਮਸ਼ਵਰੇ ਵਿੱਚ ਮਿਲੀ ਸੀ
- ਇਹ ਸਮਝ ਸਕੀਏ ਕਿ ਸੇਵਾ ਪ੍ਰਦਾਤਾਵਾਂ ਨੂੰ ਇਸ ਨਵੇਂ ਕਾਨੂੰਨ ਲਈ ਤਿਆਰ ਹੋਣ ਲਈ ਕੀ ਚਾਹੀਦਾ ਹੈ।

ਸਲਾਹ-ਮਸ਼ਵਰਾ ਹਰ ਕਿਸੇ ਨੂੰ ਇਹ ਸਮਝਣ ਵਿੱਚ ਮੱਦਦ ਕਰਨ ਦਾ ਇੱਕ ਤਰੀਕਾ ਵੀ ਹੈ ਕਿ ਇਹ ਨਿਯਮ ਬਜ਼ੁਰਗ ਲੋਕਾਂ ਅਤੇ ਉਨ੍ਹਾਂ ਦੀ ਦੇਖਭਾਲ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ।

ਇਨ੍ਹਾਂ ਨਿਯਮਾਂ 'ਤੇ ਸਲਾਹ-ਮਸ਼ਵਰੇ ਬਾਰੇ ਹੋਰ ਜਾਣਕਾਰੀ ਲਈ ਵੇਖੋ:
www.health.gov.au/our-work/aged-care-act/consultation

## ਲੋਕਾਂ ਨੂੰ ਇਸ ਨਵੇਂ ਕਾਨੂੰਨ ਲਈ ਤਿਆਰ ਕਰਨ ਵਿੱਚ ਮੱਦਦ ਕਰਨਾ

ਅਸੀਂ ਬਜ਼ੁਰਗਾਂ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਅਤੇ ਦੇਖਭਾਲ ਕਰਨ ਵਾਲਿਆਂ, ਅਤੇ ਬਿਰਧ ਦੇਖਭਾਲ ਖੇਤਰ ਨੂੰ ਇਸ ਨਵੇਂ ਕਾਨੂੰਨ ਲਈ ਤਿਆਰ ਹੋਣ ਵਿੱਚ ਸਹਾਇਤਾ ਕਰਾਂਗੇ।

ਅਸੀਂ ਇਹ ਯਕੀਨੀ ਬਣਾਵਾਂਗੇ ਕਿ ਜੋ ਲੋਕ ਇਸ ਤਬਦੀਲੀਆਂ ਨਾਲ ਪ੍ਰਭਾਵਿਤ ਹੋਣਗੇ, ਉਹ ਇਹ ਸਮਝ ਸਕਣ:

- ਉਨ੍ਹਾਂ ਲਈ ਇਸਦਾ ਕੀ ਅਰਥ ਹੈ, ਕੀ ਬਦਲ ਰਿਹਾ ਹੈ ਅਤੇ ਕੀ ਪਹਿਲਾਂ ਵਰਗਾ ਰਹੇਗਾ
- ਉਨ੍ਹਾਂ ਨੂੰ ਤਿਆਰੀ ਕਰਨ ਲਈ ਕੀ ਕਰਨ ਦੀ ਲੋੜ ਹੈ ਅਤੇ ਇਹ ਤਬਦੀਲੀਆਂ ਕਦੋਂ ਲਾਗੂ ਹੋਣਗੀਆਂ
- ਅਸੀਂ ਉਨ੍ਹਾਂ ਨੂੰ ਕਿਹੜੀ ਜਾਣਕਾਰੀ ਅਤੇ ਦਿਸ਼ਾ-ਨਿਰਦੇਸ਼ਾਂ ਦੇਵਾਂਗੇ, ਅਤੇ ਉਨ੍ਹਾਂ ਤੱਕ ਕਦੋਂ ਅਤੇ ਕਿਵੇਂ ਪਹੁੰਚ ਕਰਨੀ ਹੈ।

ਅਸੀਂ ਬਿਰਧ ਦੇਖਭਾਲ ਖੇਤਰ ਨੂੰ ਨਵੇਂ ਕਾਨੂੰਨ ਵੱਲ ਬਦਲਣ ਵਿੱਚ ਮੱਦਦ ਕਰਨ ਲਈ Aged Care Transition Taskforce [ਏਜਡ ਕੇਅਰ ਟ੍ਰਾਂਜਿਸ਼ਨ ਟਾਸਕਫੋਰਸ] ਬਣਾਇਆ ਹੈ। ਇਹ ਟਾਸਕਫੋਰਸ ਸਮੱਸਿਆਵਾਂ ਨੂੰ ਲੱਭਣ ਅਤੇ ਹੱਲ ਕਰਨ ਲਈ, ਅਤੇ ਸਰਕਾਰ ਨੂੰ ਸਲਾਹ ਦੇਣ ਲਈ ਸੈਕਟਰ ਨਾਲ ਮਿਲਕੇ ਕੰਮ ਕਰੇਗਾ।

ਇਸ ਟਾਸਕਫੋਰਸ ਵਿੱਚ ਸ਼ਾਮਲ ਲੋਕ ਬਿਰਧ ਦੇਖਭਾਲ ਖੇਤਰ ਵਿੱਚ ਕਈ ਤਰ੍ਹਾਂ ਦੇ ਤਜਰਬੇ ਵਾਲੇ ਮਾਹਰ ਹਨ। ਇਸ ਟਾਸਕਫੋਰਸ ਵਿੱਚ ਉਹ ਲੋਕ ਸ਼ਾਮਲ ਹਨ ਜਿਨ੍ਹਾਂ ਕੋਲ ਨਿਯਮ-ਕਾਨੂੰਨ ਲਾਗੂ ਕਰਨ, ਸੇਵਾਵਾਂ ਦੇਣ, ਸਿੱਖਿਆ ਅਤੇ ਸਿਖਲਾਈ, ਡੇਟਾ ਅਤੇ ਡਿਜ਼ੀਟਲ ਖੇਤਰ, ਬਜ਼ੁਰਗ ਲੋਕਾਂ, ਫਰਸਟ ਨੇਸ਼ਨਜ਼ ਲੋਕਾਂ, ਬਿਰਧ ਦੇਖਭਾਲ ਕਰਮਚਾਰੀਆਂ, ਕਲੀਨਿਕਲ ਦੇਖਭਾਲ ਅਤੇ ਮੁੱਢਲੀ ਦੇਖਭਾਲ ਬਾਰੇ ਤਜਰਬਾ ਹੈ।

ਇਹ ਟਾਸਕਫੋਰਸ ਇਹ ਯਕੀਨੀ ਬਣਾਉਣ ਲਈ ਤਬਦੀਲੀਆਂ ਦੀ ਨਿਗਰਾਨੀ ਅਤੇ ਮਾਰਗਦਰਸ਼ਨ ਵੀ ਕਰੇਗੀ ਕਿ ਉਹਨਾਂ ਨੂੰ ਸਹੀ ਢੰਗ ਨਾਲ ਲਾਗੂ ਕੀਤਾ ਜਾਵੇ।

Aged Care Transition Taskforce ਬਾਰੇ ਹੋਰ ਜਾਣਕਾਰੀ https://www.health.gov.au/committees-and-groups/aged-care-transition-taskforce 'ਤੇ ਪ੍ਰਾਪਤ ਕਰੋ।